**ਸ਼੍ਰੇਣੀ-ਦਸਵੀਂ**
**ਵਿਸ਼ਾ-ਪੰਜਾਬੀ**
**ਪੇਪਰ-ਬੀ**
**ਸਮੈਸਟਰ-ਪਹਿਲਾ**
**ਪਾਠ-ਕ੍ਰਮ ਦੀ ਵੰਡ**

**ਲਿਖਤੀ ਅੰਕ-50**
**ਆਂਤਰਿਕ ਅੰਕ-25**
**ਸਮਾਂ: 3 ਘੰਟੇ** **ਕੁੱਲ ਅੰਕ-75**

ਪ੍ਰਸ਼ਨ:1 ਵਿਆਕਰਨ ਭਾਗ ਵਿੱਚੋਂ ਵਸਤਨਿਸ਼ਟ ਕਿਸਮ (Objective Type) ਦਾ ਪ੍ਰਸ਼ਨ ਹੋਵੇਗਾ।

ਪ੍ਰਸ਼ਨ:2 ਲੇਖ :

(ੳ) ਪਹਿਲੀ ਛਿਮਾਹੀ ਦੌਰਾਨ ਆਉਣ ਵਾਲੇ ਮੇਲੇ/ਤਿਉਹਾਰ ਅਤੇ ਸੱਭਿਆਚਾਰਿਕ ਪੱਖਾਂ ਨਾਲ਼ ਸੰਬੰਧਿਤ।

(ਅ) ਪਹਿਲੀ ਛਿਮਾਹੀ ਨਾਲ ਸੰਬੰਧਿਤ ਮਹਾਂ ਪੁਰਖਾਂ/ਦੇਸ ਭਗਤਾਂ/ਇਤਿਹਾਸਿਕ ਅਤੇ ਸਾਹਿਤਿਕ ਵਿਅਕਤੀਆਂ ਦੀਆਂ ਜੀਵਨੀਆਂ।

(ੲ) ਵਿਦਿਅਰਥੀ ਜੀਵਨ ਦੇ ਪੱਖ/ਯਾਤਰਾਵਾਂ ਨਾਲ ਸੰਬੰਧਿਤ।

(ਸ) ਮਨੋਰੰਜਨ ਅਤੇ ਸੰਚਾਰ ਸਾਧਨਾਂ ਸੰਬੰਧੀ। 7+3= 10

ਪ੍ਰਸ਼ਨ:3 ਚਿੱਠੀਆਂ/ਪੱਤਰ : ਨਿਜੀ : ਮਿੱਤਰਾਂ/ਸਹੇਲੀਆਂ, ਰਿਸ਼ਤੇਦਾਰਾਂ ਅਤੇ ਮਾਪਿਆਂ ਆਦਿ ਨੂੰ।

1½+4+1½+3= 7

ਪ੍ਰਸ਼ਨ:4 ਅਣਡਿੱਠਾ ਪੈਰਾ : ਨਿਯਤ ਪਾਠ-ਪੁਸਤਕ ਤੋਂ ਬਾਹਰੋਂ ਦਿੱਤੇ ਪੈਰੇ ਵਿੱਚੋਂ ਪ੍ਰਸ਼ਨ ਪੁੱਛਣੇ।

1+1+1+1= 4

ਪ੍ਰਸ਼ਨ:5 ਮੁਹਾਵਰੇ : ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ।
(ਅੱਖਰ ੳ ਤੋਂ ਜ ਤੱਕ) 1+1+1+1+1= 5

ਪ੍ਰਸ਼ਨ:6 ਵਿਸਰਾਮ ਚਿੰਨ੍ਹਾਂ ਦੀ ਵਰਤੋਂ

ਪ੍ਰਸ਼ਨ:7 ਵਿਆਕਰਨ : ਪਰਿਭਾਸ਼ਾ, ਮੰਤਵ, ਅੰਗ 2+1= 3

ਪ੍ਰਸ਼ਨ:8 (ੳ) ਭਾਸ਼ਾ ਅਤੇ ਪੰਜਾਬੀ ਭਾਸ਼ਾ : ਪਰਿਭਾਸ਼ਾ, ਪੰਜਾਬੀ ਦੀਆਂ ਉਪ ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ 3+3= 6

(ਅ) ਧੁਨੀ ਅਤੇ ਪੰਜਾਬੀ ਧੁਨੀਆਂ : ਸਵਰ, ਵਿਅੰਜਨ, ਨਾਸਕੀ ਸਵਰ, ਨਾਸਕੀ ਵਿਅੰਜਨ।

ਪ੍ਰਸ਼ਨ:9 ਸ਼ਬਦ-ਬੋਧ : ਨਾਂਵ ਅਤੇ ਪੜਨਾਂਵ ਦੀਆਂ ਕਿਸਮਾਂ, ਪਰਿਭਾਸ਼ਾਵਾਂ, ਉਦਾਹਰਨਾਂ ਅਤੇ ਸ਼ਬਦਾਂ ਦੀ ਵਾਕਾਂ ਵਿੱਚ ਪਹਿਚਾਣ ਕਰਨੀ। 3+3= 6

ਪ੍ਰਸ਼ਨ:10 ਲਿੰਗ ਅਤੇ ਵਚਨ ਬਦਲੋ। 2+1= 3

ਨੋਟ:- ਲੜੀ ਨੰ: 7,8 (ੳ), 8 (ਅ), 9 ਅਤੇ 10 ਵਿੱਚੋਂ ਕ੍ਰਮਵਾਰ 1,3,2,3 ਅਤੇ 1 ਅੰਕ ਦੇ ਵਸਤੂ ਨਿਸ਼ਠ ਕਿਸਮ (Objective Type) ਦੇ ਪ੍ਰਸ਼ਨ ਪੁੱਛੇ ਜਾਣਗੇ।

**ਪੇਪਰ ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ :**

**ਲਿਖਤੀ ਅੰਕ-50**
**ਆਂਤਰਿਕ ਅੰਕ-25**
**ਸਮਾਂ: 3 ਘੰਟੇ** **ਕੁੱਲ ਅੰਕ-75**

ਪ੍ਰਸ਼ਨ:1 ਇਹ ਪ੍ਰਸ਼ਨ ਵਸਤਨਿਸ਼ਟ ਕਿਸਮ (Objective Type) ਦਾ ਪ੍ਰਸ਼ਨ ਹੋਵੇਗਾ।
(ੳ) ਨਿਰਧਾਰਿਤ ਪਾਠ-ਕ੍ਰਮ ਵਿੱਚੋਂ ਵਿਆਕਰਨ ਬਾਰੇ ਦੋ ਪ੍ਰਸ਼ਨ ਪੁੱਛੇ ਜਾਣਗੇ।
(ਅ) ਭਾਸ਼ਾ ਅਤੇ ਪੰਜਾਬੀ ਭਾਸ਼ਾ ਬਾਰੇ ਛੇ ਪ੍ਰਸ਼ਨ ਪੁੱਛੇ ਜਾਣਗੇ।
(ੲ) ਧੁਨੀ ਅਤੇ ਪੰਜਾਬੀ ਧੁਨੀਆਂ ਬਾਰੇ ਚਾਰ ਪ੍ਰਸ਼ਨ ਪੁੱਛੇ ਜਾਣਗੇ।
(ਸ) ਸ਼ਬਦ ਭੇਦਾਂ ਦੀਆਂ ਕਿਸਮਾਂ, ਉਪਭੇਦਾਂ, ਪਛਾਣ ਬਾਰੇ ਛੇ ਪ੍ਰਸ਼ਨ ਪੁੱਛੇ ਜਾਣਗੇ।
(ਇਹ ਅੱਧੇ-ਅੱਧੇ ਅੰਕ ਦੇ ਵੀਹ ਪ੍ਰਸ਼ਨ ਹੋਣਗੇ) $20 \times \frac{1}{2} =$ 10

ਪ੍ਰਸ਼ਨ:2 ਪਾਠ-ਕ੍ਰਮ ਨਾਲ ਸੰਬੰਧਿਤ ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਪਰ ਲਗ-ਪਗ 400 ਸ਼ਬਦਾਂ ਦੇ ਲੇਖ ਲਿਖਣ ਲਈ ਕਿਹਾ ਜਾਵੇਗਾ। ਇਸ ਵਿੱਚ ਵਸਤੂ ਪੱਖ ਦੇ 7 ਅੰਕ ਅਤੇ ਪ੍ਰਗਟਾਅ ਢੰਗ, ਤਰਤੀਬ, ਸ਼ੈਲੀ, ਬੋਲੀ ਅਤੇ ਸਪਸ਼ਟਤਾ ਦੇ 3 ਅੰਕ ਹੋਣਗੇ। 7+3= 10

ਪ੍ਰਸ਼ਨ:3 ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਉੱਪਰ ਨਿੱਜੀ ਪੱਤਰ ਲਿਖਣ ਲਈ ਕਿਹਾ ਜਾਵੇਗਾ। ਅਰੰਭ ਦੇ $1\frac{1}{2}$ ਅੰਕ, ਮੱਧ ਦੇ 4 ਅੰਤ ਦੇ $1\frac{1}{2}$ ਅੰਕ ਹੋਣਗੇ। $1\frac{1}{2}+4+1\frac{1}{2}=$ 7

ਪ੍ਰਸ਼ਨ:4 ਨਿਰਧਾਰਿਤ ਪਾਠ-ਪੁਸਤਕ ਤੋਂ ਬਾਹਰੋਂ ਲਗ-ਪਗ 150 ਸ਼ਬਦਾਂ ਦਾ ਪੈਰਾ ਦੇ ਕੇ ਉਸ ਦੇ ਵਿਸ਼ਾ-ਵਸਤੂ ਬਾਰੇ ਚਾਰ ਪ੍ਰਸ਼ਨ ਪੁੱਛੇ ਜਾਣਗੇ। 1+1+1+1= 4

ਪ੍ਰਸ਼ਨ:5 ਨਿਰਧਾਰਿਤ ਪਾਠ-ਕ੍ਰਮ ਵਿੱਚੋਂ ਦਸ ਮੁਹਾਵਰੇ ਦੇ ਕੇ ਕਿਸੇ ਪੰਜ ਨੂੰ ਇਸ ਤਰ੍ਹਾਂ ਵਾਕਾ ਵਿੱਚ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। ਵੱਖਰੇ ਅਰਥ ਨਹੀਂ ਪੁੱਛੇ ਜਾਣਗੇ। 1+1+1+1+1= 5

ਪ੍ਰਸ਼ਨ:6 ਇੱਕ ਅਜਿਹਾ ਪੈਰਾ ਜਾਂ ਵਾਕ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਚਾਰ ਵਿਸਰਾਮ ਚਿੰਨ੍ਹ ਲੱਗ ਸਕਦੇ ਹੋਣ। ਢੁਕਵੇਂ ਵਿਸਰਾਮ ਚਿੰਨ੍ਹ ਲਾਉਣ ਲਈ ਕਿਹਾ ਜਾਵੇਗਾ। 2

ਪ੍ਰਸ਼ਨ:7 ਵਿਆਕਰਨ ਬਾਰੇ (ਪਰਿਭਾਸ਼ਾ, ਮੰਤਵ, ਅੰਗ) ਸੰਖੇਪ ਉੱਤਰ ਵਾਲੇ ਦੋ ਪ੍ਰਸ਼ਨ ਪੁੱਛੇ ਜਾਣਗੇ। 1+1= 2

ਪ੍ਰਸ਼ਨ:8 (ੳ) ਭਾਸ਼ਾ ਅਤੇ ਪੰਜਾਬੀ ਭਾਸ਼ਾ ਵਿੱਚੋਂ ਸੰਖੇਪ ਉੱਤਰ ਵਾਲੇ ਦੋ ਪ੍ਰਸ਼ਨ ਪੁੱਛੇ ਜਾਣਗੇ। 1+1+1= 3
(ਅ) ਧੁਨੀ ਅਤੇ ਪੰਜਾਬੀ ਧੁਨੀਆਂ ਵਿੱਚੋਂ ਸੰਖੇਪ ਉੱਤਰ ਵਾਲੇ ਦੋ ਪ੍ਰਸ਼ਨ ਪੁੱਛੇ ਜਾਣਗੇ। 1+1= 2

ਪ੍ਰਸ਼ਨ:9 ਸ਼ਬਦ-ਬੋਧ ਵਾਲੇ ਨਿਰਧਾਰਿਤ ਪਾਠ-ਕ੍ਰਮ ਵਿੱਚੋਂ ਸੰਖੇਪ ਉੱਤਰ ਵਾਲੇ ਦੋ ਪ੍ਰਸ਼ਨ ਪੁੱਛੇ ਜਾਣਗੇ।
$1\frac{1}{2}+1\frac{1}{2}=$ 3

ਪ੍ਰਸ਼ਨ:10 ਕੋਈ ਇੱਕ ਵਾਕ ਦੇ ਕੇ ਉਸ ਵਿਚਲੇ ਨਾਂਵ, ਪੜਨਾਂਵ, ਸ਼ਬਦਾਂ ਦੇ ਲਿੰਗ ਤੇ ਵਚਨ ਬਦਲ ਕੇ ਮੁੜ ਲਿਖਣ ਲਈ ਕਿਹਾ ਜਾਵੇਗਾ। 2

ਨਿਯਤ ਪਾਠ-ਪੁਸਤਕ :
'ਅਜੋਕੀ ਪੰਜਾਬੀ ਦਾ ਵਿਆਕਰਨ ਤੇ ਲੇਖ ਰਚਨਾ')
ਪ੍ਰਕਾਸ਼ਕ- ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ।

## ਨਮੂਨੇ ਦਾ ਪ੍ਰਸ਼ਨ-ਪੱਤਰ

**ਲਿਖਤੀ ਅੰਕ-50**
**ਆਂਤਰਿਕ ਅੰਕ-25**
**ਸਮਾਂ: 3 ਘੰਟੇ** **ਕੁੱਲ ਅੰਕ-75**

ਪ੍ਰਸ਼ਨ:1 ਵਸਤੂਨਿਸ਼ਟ ਪ੍ਰਸ਼ਨ :
(ੳ) ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?
(ਅ) ਵਿਆਕਰਨ ਦੇ ਜਿਸ ਭਾਗ ਅਧੀਨ ਅੱਖਰਾਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਕੀ ਕਹਿੰਦੇ ਹਨ?
(ੲ) ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ ਮਨੁੱਖ ਕਿਹੜੇ ਸਫ਼ਲ ਸਾਧਨ ਦੀ ਵਰਤੋਂ ਕਰਦਾ ਹੈ?
(ਸ) ਪੰਜਾਬੀਆਂ ਦੀ ਮਾਂ-ਬੋਲੀ ਕਿਹੜੀ ਹੈ?
(ਹ) ਭਾਰਤੀ ਸੰਵਿਧਾਨ ਅਨੁਸਾਰ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?

(ਕ) ਮਾਲਵੇ ਵਿੱਚ ਕਿਹੜੀ ਉਪ ਭਾਸ਼ਾ ਬੋਲੀ ਜਾਂਦੀ ਹੈ?

(ਖ) ਸ਼ਹੀਦ ਭਗਤ ਸਿੰਘ ਨਗਰ ਵਿੱਚ ਪੰਜਾਬੀ ਦੀ ਕਿਹੜੀ ਉਪ ਭਾਸ਼ਾ ਬੋਲੀ ਜਾਂਦੀ ਹੈ?

(ਗ) ਪੰਜਾਬੀ ਦੀ ਟਕਸਾਲੀ ਬੋਲੀ ਕਿਹੜੀ ਹੈ?

(ਘ) ਧੁਨੀ ਤੋਂ ਕੀ ਭਾਵ ਹੈ?

(ਙ) ਬੋਲਦੇ ਸਮੇਂ ਮੂੰਹ ਵਿੱਚੋਂ ਬੇਰੋਕ ਅਵਾ  ਬਾਹਰ ਆਉਣ ਤੇ ਕਿਹੜੀ ਧੁਨੀ ਪ੍ਰਗਟ ਹੁੰਦੀ ਹੈ?

(ਚ) ਨਾਸਕੀ ਧੁਨੀਆਂ ਪ੍ਰਗਟ ਕਰਨ ਵਾਲੇ ਪੰਜ ਅੱਖਰ ਲਿਖੋ?

(ਛ) ਸ (ਸੱਸਾ) ਅੱਖਰ ਕਿਹੜੀ ਧੁਨੀ ਪ੍ਰਗਟਾਉਂਦਾ ਹੈ?

(ਜ) ਨਾਂਵ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਝ) ਪੁਰਖ-ਵਾਚਕ ਪੜਨਾਂਵ ਦੀਆਂ ਕਿੰਨੀਆ ਕਿਸਮਾਂ ਹਨ?

(ਞ) 'ਚੰਡੀਗੜ੍ਹ' ਕਿਹੜਾ ਨਾਂਵ ਹੈ?

(ਟ) ਤੀਜੇ ਪੁਰਖ ਦੀ ਇੱਕ ਉਦਾਹਰਨ ਦਿਓ?

(ਠ) ਕਈ ਪੜ੍ਹਾਈ ਵਿੱਚ ਬਹੁਤੀ ਦਿਲਚਸਪੀ ਨਹੀਂ ਰੱਖਦੇ। ਇਸ ਵਾਕ ਵਿੱਚ 'ਕਈ' ਪੜਨਾਂਵ ਦੀ ਕਿਹੜੀ ਕਿਸਮ ਹੈ?

(ਡ) ਫ਼ੌਜ, ਜਮਾਤ, ਜਥਾ, ਝੁੰਡ ਸ਼ਬਦ ਨਾਂਵ ਦੀ ਕਿਸ ਕਿਸਮ ਨਾਲ ਸੰਬੰਧਿਤ ਹਨ?

(ਢ) ਪੰਜਾਬੀ ਵਿਅਕਰਨ ਅਨੁਸਾਰ ਲਿੰਗ ਦੀਆਂ ਕਿੰਨੀਆਂ ਕਿਸਮਾਂ ਹਨ?

(ਣ) 'ਪੁਸਤਕਾਂ' ਸ਼ਬਦ ਕਿਹੜੇ ਵਚਨ ਨੂੰ ਪ੍ਰਗਟਾਉਂਦਾ ਹੈ? 20×½= 10

ਪ੍ਰਸ਼ਨ:2 ਹੇਠ ਲਿਖੇ ਲੇਖਾਂ ਵਿੱਚੋਂ ਕੋਈ ਇੱਕ ਲੇਖ ਲਗ-ਪਗ 400 ਸ਼ਬਦਾਂ ਵਿੱਚ ਲਿਖੋ :

(ੳ) ਪੰਦਰਾਂ ਅਗਸਤ (ਅ) ਗੁਰੂ ਅਰਜਨ ਦੇਵ ਜੀ

(ੲ) ਸ਼ਹੀਦ ਭਗਤ ਸਿੰਘ (ਸ) ਟੈਲੀਵੀ ਨ ਦੇ ਲਾਭ ਤੇ ਹਾਨੀਆਂ

(ਹ) ਵਿਦਿਆਰਥੀ ਤੇ ਖੇਡਾਂ 10

ਪ੍ਰਸ਼ਨ:3 ਤੁਹਾਡੇ ਮਾਸੀ ਜੀ ਜਾਂ ਕੋਈ ਨੇੜਲਾ ਰਿਸ਼ਤੇਦਾਰ ਤੁਹਾਡੇ ਚੰਗੇ ਨੰਬਰਾਂ ਨਾਲ ਪਾਸ ਹੋਣ ਦੀ ਖੁਸ਼ੀ ਵਿੱਚ ਤੁਹਾਨੂੰ ਕੋਈ ਸੁਗਾਤ ਦੇਣਾ ਚਾਹੁੰਦੇ ਹਨ। ਇੱਕ ਪੱਤਰ ਰਾਹੀਂ ਉਹਨਾਂ ਨੂੰ ਆਪਣੀ ਰੁਚੀ ਅਨੁਸਾਰ ਕੁਝ ਚੰਗੀਆਂ ਵਸਤਾਂ ਸੁਗਾਤ ਵਜੋਂ ਦੇਣ ਲਈ ਸੁਝਾਅ ਦਿਓ। ਜਾਂ

ਇੱਕ ਪੱਤਰ ਰਾਹੀਂ ਆਪਣੇ ਮਿੱਤਰ ਨੂੰ ਸਕੂਲ ਵਿੱਚ ਹੋਏ ਸਲਾਨਾ ਸਮਾਗਮ ਦਾ ਹਾਲ ਲਿਖੋ।

1½ +4+1½ = 7

ਪ੍ਰਸ਼ਨ:4 ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

ਸਫ਼ਲ ਵਿਅਕਤੀ ਚਮਤਕਾਰਾਂ ਤੇ ਸੌਖੇ ਰਸਤਿਆਂ ਦੀ ਤਲਾਸ਼ 'ਚ ਨਹੀਂ ਰਹਿੰਦੇ। ਉਹ ਤਾਂ ਹੌਸਲੇ ਤੇ ਸ਼ਕਤੀ ਦੀ ਤਾਕ 'ਚ ਰਹਿੰਦੇ ਹਨ ਤਾਂ ਜੋ ਮੁਸੀਬਤ ਉੱਪਰ ਕਾਬੂ ਪਾ ਸਕਣ। ਉਹ ਇਹ ਨਹੀਂ ਦੇਖਦੇ ਕਿ ਕੀ ਗੁਆਚ ਗਿਆ ਹੈ, ਬਲਕਿ ਇਹ ਦੇਖਦੇ ਹਨ ਕਿ ਕੀ ਬਚ ਗਿਆ ਹੈ। ਕਾਮਨਾਵਾਂ ਕਦੇ ਸੱਚ ਨਹੀਂ ਹੁੰਦੀਆਂ। ਵਿਸ਼ਵਾਸ ਤੇ ਆਸ਼ਾਵਾਂ ਦ੍ਰਿੜ੍ਹਤਾ ਨਾਲ ਹੀ ਪੂਰੇ ਹੁੰਦੇ ਹਨ। ਉਹੀ ਪ੍ਰਾਰਥਨਾਵਾਂ ਝੱਟ ਸੁਣੀਆਂ ਜਾਂਦੀਆਂ ਹਨ ਜਿਨ੍ਹਾਂ ਉੱਪਰ ਹੌਸਲੇ ਨਾਲ ਕੰਮ ਕੀਤਾ ਗਿਆ ਹੋਵੇ। ਇਹ ਹਿੰਮਤ ਤੇ ਚਰਿੱਤਰ ਹੀ ਹਨ ਜਿਹੜੇ ਮਿਲ ਕੇ ਸਫ਼ਲਤਾ ਦਿਵਾਉਂਦੇ ਹਨ। ਇਹੀ ਸਾਧਾਰਨ ਤੇ ਅਸਾਧਾਰਨ ਵਿੱਚ ਫ਼ਰਕ ਹੈ।

ਪ੍ਰਸ਼ਨ: 1 ਸਫ਼ਲ ਵਿਅਕਤੀ ਕਿਹੜੇ ਰਸਤਿਆਂ ਦੀ ਤਲਾਸ਼ ਨਹੀਂ ਕਰਦੇ?

ਪ੍ਰਸ਼ਨ:2 ਸਫ਼ਲ ਵਿਅਕਤੀ ਕਿਸ ਤਾਕ ਵਿੱਚ ਰਹਿੰਦੇ ਹਨ, ਕਿਉਂ?

ਪ੍ਰਸ਼ਨ:3 ਕਿਹੜੀਆਂ ਪ੍ਰਾਰਥਨਾਵਾਂ ਝੱਟ ਸੁਣੀਆਂ ਜਾਂਦੀਆਂ ਹਨ?

ਪ੍ਰਸ਼ਨ:4 ਸਫ਼ਲ ਲੋਕ ਕਿਸ ਚੀ  ਦੀ ਪ੍ਰਵਾਹ ਨਹੀਂ ਕਰਦੇ ਅਤੇ ਕਿਉਂ?

1+1+1+1= 4

ਪ੍ਰਸ਼ਨ:5 ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਅਰਥ, ਸਪਸ਼ਟ ਹੋ ਜਾਣ :

ਅੱਡੀ ਚੋਟੀ ਦਾ  ੋਰ ਲਾਉਣਾ, ਇੱਟ ਨਾਲ ਇੱਟ ਖੜਕਾਉਣਾ, ਸੁੱਕ ਕੇ ਤੀਲਾ ਹੋਣਾ, ਹੱਥ ਪੈਰ ਮਾਰਨਾ, ਕਬਰ ਕਿਨਾਰੇ ਹੋਣਾ, ਖ਼ਾਕ ਛਾਣਨਾ, ਗਲ਼ ਪਿਆ ਢੋਲ ਵਜਾਉਣਾ, ਘੋਗਾ ਚਿੱਤ ਕਰਨਾਂ, ਚਾਂਦੀ ਦੀ ਜੁੱਤੀ ਮਾਰਨਾ, ਜਾਗ ਲੱਗਣਾ।

1+1+1+1+1= 5

ਪ੍ਰਸ਼ਨ:6 ਵਿਸਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ :

ਹੋਰ ਤਾਂ ਹੋਰ ਅਖ਼ਬਾਰ ਵੀ ਬਹੁਤੇ ਪੰਜਾਬੀ ਮੰਗ ਕੇ ਪੜ੍ਹਦੇ ਹਨ ਗੱਲ ਕੀ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਹੀ ਨਹੀਂ

2

ਪ੍ਰਸ਼ਨ:7 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਵਿਆਕਰਨ ਦੀ ਪਰਿਭਾਸ਼ਾ ਲਿਖੋ?

(ਅ) ਵਿਆਕਰਨ ਦੇ ਨਿਯਮਾਂ ਵਿੱਚ ਤਬਦੀਲੀ ਕਿਉਂ ਕਰਨੀ ਪੈਂਦੀ ਹੈ

1+1= 2

ਪ੍ਰਸ਼ਨ:8 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਭਾਸ਼ਾ ਦੀ ਪਰਿਭਾਸ਼ਾ ਲਿਖੋ?

(ਅ) ਮਾਂ-ਬੋਲੀ ਕਿਸ ਨੂੰ ਕਹਿੰਦੇ ਹਨ?

(ੲ) ਟਕਸਾਲੀ ਜਾਂ ਮਿਆਰੀ ਭਾਸ਼ਾ ਦੀ ਕੀ ਉਪਯੋਗਤਾ ਹੁੰਦੀ ਹੈ?

1+1+1=

3

ਪ੍ਰਸ਼ਨ:9 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) 1. ਨਾਂਵ ਦੀ ਪਰਿਭਾਸ਼ਾਂ ਉਦਾਰਨਾਂ ਸਹਿਤ ਲਿਖੋ?

2. ਪ੍ਰਸ਼ਨ-ਵਾਚਕ ਪੜਨਾਂਵ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ? $1\frac{1}{2} + 1\frac{1}{2} =$ 3

(ਅ) 1. ਵਿਅੰਜਨ ਧੁਨੀਆਂ ਕਿਹੜੀਆਂ ਹੁੰਦੀਆਂ ਹਨ?

2. ਨਾਸਕੀ ਵਿਅੰਜਨ ਧੁਨੀਆਂ ਬਾਰੇ ਤੁਸੀਂ ਕੀ ਜਾਣਦੇ ਹੋ? 1+1= 2

ਪ੍ਰਸ਼ਨ:1● ਹੇਠ ਲਿਖੇ ਵਾਕ ਨੂੰ ਲਿੰਗ ਤੇ ਵਚਨ ਬਦਲ ਕੇ ਦੁਬਾਰਾ ਲਿਖੋ :

ਮੈਂ ਚਿੜੀਆ-ਘਰ ਵਿੱਚ ਬਾਂਦਰ, ਹਿਰਨ, ਸ਼ੇਰ ਤੇ ਹਾਥੀ ਵੇਖਿਆ। 2

## ਸ਼੍ਰੇਣੀ-ਦਸਵੀਂ
## ਵਿਸ਼ਾ-ਪੰਜਾਬੀ
## ਪੇਪਰ-ਬੀ
## ਸਮੈਸਟਰ-ਦੂਜਾ
## ਪਾਠ-ਕ੍ਰਮ ਦੀ ਵੰਡ

**ਲਿਖਤੀ ਅੰਕ-50**
**ਆਂਤਰਿਕ ਅੰਕ-25**
**ਸਮਾਂ: 3 ਘੰਟੇ** **ਕੁੱਲ ਅੰਕ-75**

ਪ੍ਰਸ਼ਨ:1 ਵਿਆਕਰਨ ਭਾਗ ਵਿੱਚੋਂ ਵਸਤੂਨਿਸ਼ਟ (Objective Type) ਦਾ ਪ੍ਰਸ਼ਨ ਹੋਵੇਗਾ।

ਪ੍ਰਸ਼ਨ:2 ਲੇਖ :

(ੳ) ਦੂਜੀ ਛਿਮਾਹੀ ਦੌਰਾਨ ਆਉਣ ਵਾਲੇ ਮੇਲੇ/ਤਿਉਹਾਰ ਅਤੇ ਸੱਭਿਆਚਾਰਿਕ ਪੱਖਾਂ ਨਾਲ ਸੰਬੰਧਿਤ।

(ਅ) ਦੂਜੀ ਛਿਮਾਹੀ ਨਾਲ ਸੰਬੰਧਿਤ ਮਹਾਂ ਪੁਰਖਾਂ/ਦੇਸ਼ ਭਗਤਾਂ/ਇਤਿਹਾਸਿਕ ਅਤੇ ਸਾਹਿਤਿਕ ਵਿਅਕਤੀਆਂ ਦੀਆਂ ਜੀਵਨੀਆਂ।

(ੲ) ਪੇਂਡੂ ਅਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ (ਸਮਾਜਿਕ, ਆਰਥਿਕ ਅਤੇ ਸਿਹਤ ਨਾਲ ਸੰਬੰਧਿਤ)

ਸ) ਵਿਗਿਆਨ ਅਤੇ ਵਿਗਿਆਨਕ ਚੇਤਨਾ ਨਾਲ ਸੰਬੰਧਿਤ। 10

ਪ੍ਰਸ਼ਨ:3 ਅਰ ੀਆਂ :

ਸਰਕਾਰੀ/ਅਰਧ-ਸਰਕਾਰੀ/ਪ੍ਰਾਈਵੇਟ, ਅਦਾਰਿਆਂ ਨਾਲ ਸੰਬੰਧਿਤ। 1½ +4+1½ = 7

ਪ੍ਰਸ਼ਨ:4 ਸੰਖੇਪ ਪੈਰਾ : ਕਿਸੇ ਪੈਰੇ ਦੀ ਸੰਖੇਪ ਰਚਨਾ ਕਰਨਾ ਅਤੇ ਸਿਰਲੇਖ ਦੇਣਾ। 4+1= 5

ਪ੍ਰਸ਼ਨ:5 ਮੁਹਾਵਰੇ : ਮੁਹਾਵਰਿਆਂ ਦੀ ਵਾਕਾਂ ਵਿੱਚ ਵਰਤੋਂ (ਅੱਖਰ ਝ ਤੋਂ ਵ ਤੱਕ) 5

ਪ੍ਰਸ਼ਨ:6 ਵਿਸਰਾਮ ਚਿੰਨ੍ਹਾਂ ਦੀ ਵਰਤੋ 2

ਪ੍ਰਸ਼ਨ:7 ਲਿਪੀ ਅਤੇ ਗੁਰਮੁਖੀ ਲਿਪੀ : ਵਰਨ ਜਾਂ ਅੱਖਰ, ਕਿਸਮਾਂ, ਮੁਕਤਾ, ਲਗਾਂ ਅਤੇ ਲਗਾਖਰ (ਬਿੰਦੀ, ਟਿੱਪੀ, ਅਧਕ) 2+2= 4

ਪ੍ਰਸ਼ਨ:8 ਸ਼ਬਦ-ਬੋਧ : ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ ਸੰਬੰਧਕ, ਯੋਜਕ ਅਤੇ ਵਿਸਮਿਕ ਦੀਆਂ ਕਿਸਮਾਂ, ਪਰਿਭਾਸ਼ਾਵਾਂ। ਉਦਾਰਨਾਂ ਅਤੇ ਵਾਕਾਂ ਵਿੱਚ ਪਛਾਣ ਕਰਨੀ। 4+4= 8

ਪ੍ਰਸ਼ਨ:9 ਅਰਥ-ਬੋਧ : ਬਹੁ-ਅਰਥਕ ਸ਼ਬਦ, ਸਮਾਨਾਥਕ ਸ਼ਬਦ ਵਿਰੋਧਾਰਥਕ ਸ਼ਬਦ ਅਤੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀਆਂ ਪਰਿਭਾਸ਼ਾਵਾਂ ਅਤੇ ਜਾਣਕਾਰੀ। 2+3= 5

ਪ੍ਰਸ਼ਨ:10 ਕਾਲ : ਕਿਸਮਾਂ, ਉਪਭੇਦ ਅਤੇ ਵਾਕ ਦਾ ਕਾਲ ਬਦਲਣਾ 2+2= 4

ਨੋਟ: ਲੜੀ ਨੰ: 7,8,9 ਅਤੇ 10 ਵਿੱਚੋਂ ਕ੍ਰਮਵਾਰ 2,4,2 ਅਤੇ 2 ਅੰਕ (ਕੁੱਲ 10 ਅੰਕ) ਦੇ ਪ੍ਰਸ਼ਨ ਵਸਤੂ ਨਿਸ਼ਠ ਕਿਸਮ ਦੇ ਪੁੱਛੇ ਜਾਣਗੇ।

ਨਿਯਤ ਪਾਠ-ਪੁਸਤਕ:

'ਅਜੋਕੀ ਪੰਜਾਬੀ ਦਾ ਵਿਆਕਰਨ ਤੇ ਲੇਖ ਰਚਨਾ' (ਸੋਧਿਆ ਸੰਸਕਰਨ)

ਪ੍ਰਕਾਸ਼ਕ : ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ।

## ਪੇਪਰ ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ

**ਲਿਖਤੀ ਅੰਕ-50**
**ਆਂਤਰਿਕ ਅੰਕ-25**
**ਸਮਾਂ: 3 ਘੰਟੇ** **ਕੁੱਲ ਅੰਕ-75**

ਪ੍ਰਸ਼ਨ:1 ਇਹ ਪ੍ਰਸ਼ਨ ਵਸਤੂਨਿਸ਼ਟ ਕਿਸਮ (Objective Type) ਦਾ ਹੋਵੇਗਾ।

ਪ੍ਰਸ਼ਨਾਂ ਦੀ ਚੋਣ ਇਸ ਪ੍ਰਕਾਰ ਕੀਤੀ ਜਾਵੇਗੀ।

(ੳ) ਪਾਠ-ਕ੍ਰਮ ਦੇ ਲੜੀ ਨੰ: 7 ਵਿੱਚੋਂ 4 ਪ੍ਰਸ਼ਨ ਦਿੱਤੇ ਜਾਣਗੇ।

(ਅ) ਪਾਠ-ਕ੍ਰਮ ਦੇ ਲੜੀ ਨੰ: 8 ਵਿੱਚੋਂ 8 ਪ੍ਰਸ਼ਨ ਦਿੱਤੇ ਜਾਣਗੇ।

(ੲ) ਪਾਠ-ਕ੍ਰਮ ਦੇ ਲੜੀ ਨੰ: 9 ਵਿੱਚੋਂ 4 ਪ੍ਰਸ਼ਨ ਦਿੱਤੇ ਜਾਣਗੇ।

(ਸ) ਪਾਠ-ਕ੍ਰਮ ਦੇ ਲੜੀ ਨੰ: 10 ਵਿੱਚੋਂ 4 ਪ੍ਰਸ਼ਨ ਦਿੱਤੇ ਜਾਣਗੇ। 20×½ = 10

ਪ੍ਰਸ਼ਨ:2 ਪਾਠ-ਕ੍ਰਮ ਨਾਲ ਸੰਬੰਧਿਤ ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਉੱਪਰ ਲਗ-ਪਗ 400 ਸ਼ਬਦਾਂ ਦੇ ਲੇਖ ਲਿਖਣ ਲਈ ਕਿਹਾ ਜਾਵੇਗਾ। ਇਸ ਵਿੱਚ ਵਸਤੂ ਪੱਖ ਦੇ 7 ਅੰਕ ਅਤੇ ਪ੍ਰਗਟਾਅ ਢੰਗ, ਤਰਤੀਬ, ਸ਼ੈਲੀ, ਬੋਲੀ ਅਤੇ ਸਪਸ਼ਟਤਾ ਦੇ 3 ਅੰਕ ਹੋਣਗੇ। 7+3= 10

ਪ੍ਰਸ਼ਨ:3 ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਉੱਪਰ ਅਰ ੀ ਲਿਖਣ ਲਈ ਕਿਹਾ ਜਾਵੇਗਾ। ਅਰੰਭ ਦੇ **1½** ਅੰਕ, ਮੱਧ ਦੇ 4 ਅੰਕ ਅਤੇ ਅੰਤ ਦੇ **1½** ਅੰਕ ਹੋਣਗੇ। **1½**+4+**1½**= 7

ਪ੍ਰਸ਼ਨ:4 ਲਗ-ਪਗ 125-150 ਸ਼ਬਦਾਂ ਦਾ ਪੈਰਾ ਦੇ ਕੇ ਉਸ ਨੂੰ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰਨ ਅਤੇ ਢੁਕਵਾਂ ਸਿਰਲੇਖ ਲਿਖਣ ਲਈ ਕਿਹਾ ਜਾਵੇਗਾ। ਸੰਖੇਪ ਰਚਨਾ ਦੇ 4 ਅੰਕ ਅਤੇ ਸਿਰਲੇਖ ਦਾ 1 ਅੰਕ ਹੋਵੇਗਾ। 4+1= 5

ਪ੍ਰਸ਼ਨ:5 ਨਿਰਧਾਰਿਤ ਪਾਠ-ਕ੍ਰਮ ਵਿੱਚੋਂ ਦਸ ਮੁਹਾਵਰੇ ਦੇ ਕੇ ਕਿਸੇ ਪੰਜ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। ਵੱਖਰੇ ਅਰਥ ਨਹੀਂ ਪੁੱਛੇ ਜਾਣਗੇ। 1+1+1+1+1= 5

ਪ੍ਰਸ਼ਨ:6 ਇੱਕ ਅਜਿਹਾ ਪੈਰਾ ਜਾਂ ਵਾਕ ਦਿੱਤੇ ਜਾਣਗੇ, ਜਿਨ੍ਹਾਂ ਵਿੱਚੋਂ ਚਾਰ ਵਿਸਰਾਮ ਚਿੰਨ੍ਹ ਲੱਗ ਸਕਦੇ ਹੋਣ। ਢੁਕਵੇਂ ਵਿਸਰਾਮ ਚਿੰਨ੍ਹ ਲਾਉਣ ਲਈ ਕਿਹਾ ਜਾਵੇਗਾ। 1+1= 2

ਪ੍ਰਸ਼ਨ:7 ਇਸ ਪ੍ਰਸ਼ਨ ਵਿੱਚ ਪਾਠ-ਕ੍ਰਮ ਦੇ ਲਿਪੀ ਅਤੇ ਗੁਰਮੁਖੀ ਲਿਪੀ ਵਾਲੇ ਹਿੱਸੇ ਵਿੱਚੋ ਸੰਖੇਪ ਉੱਤਰ ਵਾਲੇ ਦੋ ਪ੍ਰਸ਼ਨ ਪੁੱਛੇ ਜਾਣਗੇ। 2

ਪ੍ਰਸ਼ਨ:8 ਇਸ ਪ੍ਰਸ਼ਨ ਵਿੱਚ ਪਾਠ-ਕ੍ਰਮ ਦੇ ਸ਼ਬਦ-ਬੋਧ ਵਾਲੇ ਹਿੱਸੇ ਵਿੱਚੋਂ ਸ਼ਬਦ ਦੇ ਭੇਦਾਂ, ਉਪਭੇਦਾਂ ਸੰਬੰਧੀ ਦੋ ਪ੍ਰਸ਼ਨ ਪੁੱਛੇ ਜਾਣਗੇ। ਪਰਿਭਾਸ਼ਾ ਦਾ 1½ ਅਤੇ ਉਦਾਹਰਨਾ ਦਾ ½ ਅੰਕ ਹੋਵੇਗਾ। 1½ + ½ + 1½+ ½= 4

ਪ੍ਰਸ਼ਨ:9 (ੳ) ਇੱਕ ਬਹੁਅਰਥਕ ਸ਼ਬਦ ਦੇ ਕੇ ਉਸ ਦੇ ਵੱਖ-ਵੱਖ ਅਰਥਾਂ ਨੂੰ ਸਪਸ਼ਟ ਕਰਦੇ ਦੋ ਵਾਕ ਬਣਾਉਣ ਲਈ ਕਿਹਾ ਜਾਵੇਗਾ।

(ਅ) ਇੱਕ ਸ਼ਬਦ ਦੇ ਕੇ ਉਸ ਦੇ ਦੋ ਸਮਾਨਅਰਥਕ ਸ਼ਬਦ ਲਿਖਣ ਲਈ ਕਿਹਾ ਜਾਵੇਗਾ।

(ੲ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਜਾਂ ਇੱਕ ਸ਼ਬਦ ਦੇ ਕੇ ਉਸ ਦਾ ਵਿਰੋਧੀ ਸ਼ਬਦ ਪੁੱਛਿਆ ਜਾਵੇਗਾ। 1+1+1= 3

ਪ੍ਰਸ਼ਨ:10 ਕੋਈ ਇੱਕ ਵਾਕ ਦੇ ਕੇ ਉਸ ਦਾ ਕਾਲ ਬਦਲਣ ਲਈ ਕਿਹਾ ਜਾਵੇਗਾ। 2

ਨਿਯਤ ਪਾਠ-ਪੁਸਤਕ:

'ਅਜੋਕੀ ਪੰਜਾਬੀ ਦਾ ਵਿਆਕਰਨ' ਤੇ ਲੇਖ ਰਚਨਾ (ਸੋਧਿਆ ਸੰਸਕਰਨ)

ਪ੍ਰਕਾਸ਼ਕ : ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ।

## ਨਮੂਨੇ ਦਾ ਪ੍ਰਸ਼ਨ-ਪੱਤਰ

**ਲਿਖਤੀ ਅੰਕ**-50
**ਆਂਤਰਿਕ ਅੰਕ**-25
**ਸਮਾਂ: 3 ਘੰਟੇ** **ਕੁੱਲ ਅੰਕ**-75

ਪ੍ਰਸ਼ਨ:1 ਵਸਤੂਨਿਸ਼ਟ ਪ੍ਰਸ਼ਨ :

(ੳ) ਪੰਜਾਬੀ ਭਾਸ਼ਾ ਦੀ ਲਿਪੀ ਦਾ ਨਾਂ ਲਿਖੋ?

(ਅ) ਗੁਰਮੁਖੀ ਲਿਪੀ/ਵਰਨਮਾਲਾ ਦੇ ਕਿੰਨੇ ਅੱਖਰ ਹਨ?

(ੲ) ਭਾਸ਼ਾ ਨੂੰ ਲਿਖਤੀ ਰੂਪ ਦਣ ਲਈ ਵਰਤੇ ਜਾਂਦੇ ਚਿੰਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ?

(ਸ) ਗੁਰਮੁਖੀ ਲਿਪੀ ਵਿੱਚ ਕਿੰਨੇ ਲਗਾਖਰ ਹਨ?

(ਹ) ਸਾਰਥਕ ਸ਼ਬਦਾਂ ਦੇ ਕਿੰਨੇ ਭੇਦ ਹਨ?

(ਕ) ਵਿਸ਼ੇਸ਼ਣ ਦੇ ਕਿੰਨੇ ਭੇਦ ਹਨ?

(ਖ) ਜਿਸ ਵਾਕ ਵਿੱਚ ਕਿਰਿਆ ਨਾਲ ਕਰਮ ਨਾ ਹੋਵੇ, ਉੱਥੇ ਕਿਰਿਆ ਦੀ ਕਿਹੜੀ ਕਿਸਮ ਹੁੰਦੀ ਹੈ?

(ਗ) ਅਰਥ ਦੇ ਪੱਖ ਤੋਂ ਯੋਜਕ ਕਿੰਨੀ ਪ੍ਰਕਾਰ ਦਾ ਹੁੰਦਾ ਹੈ?

(ਘ) ਖ਼ੁਸ਼ੀ, ਗ਼ਮੀ, ਹੈਰਾਨੀ, ਭੈਅ, ਪ੍ਰਸੰਸਾ ਆਦਿ ਭਾਵਾਂ ਨੂੰ ਪ੍ਰਗਟ ਕਰਨ ਵਾਲੇ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ?

(ਙ) ਜੋ ਕਿਰਿਆ-ਵਿਸ਼ੇਸ਼ਣ ਕਿਸੇ ਕਿਰਿਆ ਦੇ ਕੰਮ ਦੇ ਹੋਣ ਜਾਂ ਨਾ ਹੋਣ ਸੰਬੰਧੀ ਦੱਸਦਾ ਹੈ, ਉਹ ਕਿਰਿਆ-ਵਿਸ਼ੇਸ਼ਣ ਦੀ ਕਿਹੜੀ ਕਿਸਮ ਹੁੰਦੀ ਹੈ?

(ਚ) ਸੰਬੰਧਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਛ) ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਜ) ਵਿਆਕਰਨ ਦੀ ਭਾਸ਼ਾ ਵਿੱਚ ਸਮੇਂ ਨੂੰ ਕੀ ਕਿਹਾ ਜਾਂਦਾ ਹੈ?

(ਝ) ਵਰਤਮਾਨ ਕਾਲ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?

(ਵ) ਆਉਣ ਵਾਲੇ ਸਮੇਂ ਨੂੰ ਕਿਹੜਾ ਕਾਲ ਕਿਹਾ ਜਾਂਦਾ ਹੈ?

(ਟ) 'ਪ੍ਰਕਾਸ਼ ਸਿੰਘ ਪੰਜਾਬੀ ਪੜ੍ਹ ਰਹੇ ਹਨ' ਕਾਲ ਦੀ ਕਿਹੜੀ ਕਿਸਮ ਨਾਲ ਸੰਬੰਧਿਤ ਹੈ?

(ਠ) ਜਿਸ ਸ਼ਬਦ ਦੇ ਇੱਕ ਤੋਂ ਵਧੇਰੇ ਅਰਥ ਹੋਣ, ਉਸ ਸ਼ਬਦ ਨੂੰ ਕੀ ਕਿਹਾ ਜਾਂਦਾ ਹੈ?

(ਡ) ਜਿਸ ਵਿਅਕਤੀ ਦਾ ਰੱਬ ਵਿੱਚ ਵਿਸ਼ਵਾਸ ਹੋਵੇ, ਉਹ ਕੌਣ ਹੁੰਦਾ ਹੈ?

(ਢ) 'ਮਾੜਾ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ?

(ਣ) ਉਪਕਾਰ ਸ਼ਬਦ ਦਾ ਸਮਾਨ ਅਰਥਕ ਸ਼ਬਦ ਲਿਖੋ $2● \times ½ = 10$

ਪ੍ਰਸ਼ਨ:2 ਹੇਠ ਲਿਖੇ ਲੇਖਾਂ ਵਿੱਚੋ ਕੋਈ ਇੱਕ ਲੇਖ ਲਗ-ਪਗ 4●● ਸ਼ਬਦਾਂ ਵਿੱਚ ਲਿਖੋ :

(ੳ) ਲੋਹੜੀ (ਅ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

(ੲ) ਅਤਿ ਸਰਦੀ ਦਾ ਇੱਕ ਦਿਨ (ਸ) ਭਰੂਣ ਹੱਤਿਆ

(ਹ) ਸੰਚਾਰ ਸਾਧਨਾਂ ਦਾ ਸਮਾਜਿਕ ਪ੍ਰਭਾਵ 1●

ਪ੍ਰਸ਼ਨ:3 ਤੁਹਾਡੇ ਪਿੰਡ ਦੀ ਡਿਸਪੈਂਸਰੀ ਦੀ ਹਾਲਤ ਠੀਕ ਨਹੀਂ ਹੈ। ਸਿਹਤ-ਮੰਤਰੀ, ਪੰਜਾਬ ਨੂੰ ਇਸ ਵਿੱਚ ਸੁਧਾਰ ਲਿਆਉਣ ਲਈ ਅਰ ੀ ਲਿਖੋ। ਜਾਂ

ਤੁਹਾਡਾ ਮੋਟਰ-ਸਾਈਕਲ ਚੋਰੀ ਹੋ ਗਿਆ ਹੈ। ਮੋਟਰ-ਸਾਇਕਲ ਬਾਰੇ ਵੇਰਵੇ ਦਿੰਦੇ ਹੋਏ ਨੇੜੇ ਦੇ ਥਾਣੇ ਵਿੱਚ ਰਿਪੋਰਟ ਦਰਜ ਕਰਵਾਉਣ ਲਈ ਪੱਤਰ ਲਿਖੋ। $1½ + 4 + 1½ = 7$

ਪ੍ਰਸ਼ਨ:4 ਹੇਠ ਲਿਖੇ ਪੈਰੇ ਦੀ ਸੰਖੇਪ-ਰਚਨਾ ਲਗ-ਪਗ ਇੱਕ ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ।

ਸਫ਼ਲ ਅਤੇ ਖੇੜੇ ਭਰਪੂਰ ਿ ਦਗੀ ਬਤੀਤ ਕਰਨ ਲਈ ਉਸਾਰੂ ਸੁਪਨੇ ਰੂਰ ਵੇਖੋ ਅਤੇ ਫਿਰ ਜੀਅ-ਜਾਨ ਨਾਲ, ਉਹਨਾਂ ਨੂੰ ਸਾਕਾਰ ਕਰਨ ਵਿੱਚ ਜੁੱਟ ਜਾਓ। ਚੇਤੇ ਰਹੇ, " ਸਭ ਤੋਂ ੧ਓਰਿਨਾਕ ਹੁੰਦਾ ਹੈ, ਸੁਪਨਿਆਂ ਦਾ ਮਰ ਜਾਣਾ।" ਪਾਸ਼ ! ਹਾਂ ! ਸੁਪਨੇ ਜਿੰਨੇ ਮਰ ੀ ਵੇਖੋ, ਪਰ ਇੱਕ ਸਮੇਂ 'ਤੇ ਇੱਕ ਸੁਪਨੇ ਦੀ ਪੂਰਤੀ ਲਈ ਯਤਨ ਵਿਢੇ ਜਾਣੇ ਚਾਹੀਦੇ ਹਨ, ਬੱਸ ਅਰਜਨ ਵਾਂਗੂ ਮੱਛੀ ਦੀ ਅੱਖ ਹੀ ਫੋਕਸ ਵਿੱਚ ਰਹਿਣੀ ਚਾਹੀਦੀ ਹੈ। ਸਵਾਮੀ ਵਿਵੇਕਾ ਨੰਦ, ਇਸ ਤੱਥ 'ਤੇ ਆਪਣੀ ਮੋਹਰ ਕੁਝ ਇਸ ਤਰ੍ਹਾਂ ਲਾਉਂਦਾ ਹੈ," ਜਦੋਂ ਤੁਸੀਂ ਕੋਈ ਕਰਮ ਕਰਦੇ ਹੋ ਤਾਂ ਕਿਸੇ ਹੋਰ ਗੱਲ 'ਤੇ ਵਿਚਾਰ ਨਾ ਕਰੋ, ਉਸ ਨੂੰ ਇੱਕ ਉਪਾਸ਼ਨਾਂ-ਵੱਡੀ ਤੋਂ ਵੱਡੀ ਉਪਾਸ਼ਨਾ ਦੇ ਤੌਰ 'ਤੇ ਕਰੋ ਅਤੇ ਉਸ ਸਮੇਂ ਤੱਕ ਲਈ ਉਸ ਵਿੱਚ ਆਪਣਾ ਸਾਰਾ ਤਨ, ਮਨ ਲਗਾ ਦੇਵੋ।" ਗੱਲ ਕੀ ਸਫ਼ਲਤਾ ਦਾ ਕੋਈ ਰਹੱਸ ਨਹੀਂ, ਉਹ ਕੇਵਲ ਮਿਹਨਤ ਮੰਗਦੀ ਹੈ। $4 + 1 = 5$

ਪ੍ਰਸ਼ਨ:5 ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ।

ਝੋਲੀ ਚੁੱਕਣਾ, ਟਕੇ ਵਰਗਾ ਜਵਾਬ ਦੇਣਾ, ਠੋਕ ਵਜਾ ਕੇ ਕਹਿਣਾ, ਤੇਲ ਚੋਣਾ, ਸ਼ੁੱਕੀ ਵੜੇ ਪਕਾਉਣਾ, ਦੜ ਵੱਟਣਾ, ਦੰਦ ਪੀਹਣਾ, ਪਹਾੜ ਨਾਲ ਟੱਕਰ ਲਾਉਣਾ, ਬਾ ੀ ਮਾਰਨਾ, ਰੰਗ ਉਡ ਜਾਣਾ। $1+1+1+1+1 = 5$

ਪ੍ਰਸ਼ਨ:6 ਵਿਸਰਾਮ ਚਿੰਨ੍ਹ ਲਗਾ ਕੇ ਦੁਬਾਰਾ ਲਿਖੋ :

ਬਰਨਾਰਡ ਸ਼ਾਅ ਕਹਿੰਦਾ ਹੈ ਨਰਕ ਦੀ ਪਰਿਭਾਸ਼ਾ ਵਿਹਲ ਹੈ ਆਮ ਕਹਾਵਤ ਹੈ ਕਿ ਠਹਿਰਿਆ ਪਾਣੀ ਪੀਣ ਯੋਗ ਨਹੀਂ ਰਹਿੰਦਾ ਵਹਿੰਦਾ ਪਾਣੀ ਪਵਿੱਤਰ ਹੁੰਦਾ ਹੈ 2

ਪ੍ਰਸ਼ਨ:7 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ ।

(ੳ) ਮੁਕਤਾ ਲਗ ਕਿਸ ਨੂੰ ਕਹਿੰਦੇ ਹਨ?

(ਅ) ਗੁਰਮੁਖੀ ਲਿਪੀ ਵਿੱਚ ਲਗਾਖਰ ਕਿਹੜੇ-ਕਿਹੜੇ ਹਨ? $1 + 1 = 2$

ਪ੍ਰਸ਼ਨ:8 ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ।

(ੳ) ਕਿਰਿਆ-ਵਿਸ਼ੇਸ਼ਣ ਦੀ ਕਿਸੇ ਇੱਕ ਕਿਸਮ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦਿਓ।

(ਅ) ਯੋਜਕ ਜਾਂ ਵਿਸਮਿਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦਿਓ। $1½ + ½ + 1½ + ½ = 4$

ਪ੍ਰਸ਼ਨ:9 (ੳ) ਜੱਗ ਸ਼ਬਦ ਦੇ ਵੱਖ-ਵੱਖ ਅਰਥ ਦਰਸਾਉਂਦੇ ਦੋ ਵਾਕ ਬਣਾਓ।

(ਅ) 'ਉਪਯੋਗ' ਸ਼ਬਦ ਦੇ ਦੋ ਸਮਾਨਅਰਥਕ ਸ਼ਬਦ ਲਿਖੋ।

(ੲ) 'ਜਿਹੜਾ ਕੇਵਲ ਦੁੱਧ ਹੀ ਪੀਵੇ' ਵਾਕ ਦੀ ਥਾਂ ਕੇਵਲ ਇੱਕ ਸ਼ਬਦ ਲਿਖੋ। $1 + 1 + 1 = 3$

ਪ੍ਰਸ਼ਨ:1● ਹੇਠ ਲਿਖੇ ਵਾਕ ਨੂੰ ਭਵਿੱਖਤ ਕਾਲ ਵਿੱਚ ਬਦਲ ਕੇ ਲਿਖੋ:

ਅਧਿਆਪਕ ਸਮੇਂ ਸਿਰ ਸਕੂਲ ਆ ਰਹੇ ਹਨ। 2